International Journal of Applied Research 2021; 7(4): 390-394




**ISSN Print:** 2394-7500
**ISSN Online:** 2394-5869
**Impact Factor:** 8.4
IJAR 2021; 7(4): 390-394
www.allresearchjournal.com
Received: 03-02-2021
Accepted: 16-03-2021

**Dr. Parmjeet Kaur**
Assistant Professor,
Department of History,
Guru Nanak College Budhlada,
Mansa, Punjab, India

**Corresponding Author:**
**Dr. Parmjeet Kaur**
Assistant Professor,
Department of History,
Guru Nanak College Budhlada,
Mansa, Punjab, India

# ਸਿੰਘ ਸਭਾ ਲਹਿਰ ਕਾਲ

**Dr. Parmjeet Kaur**

## Introduction
ਪੰਜਾਬ ਦੇ ਧਾਰਮਿਕ ਅਤੇ ਸਮਾਜ ਸੁਧਾਰਕ ਅੰਦੋਲਨਾਂ ਵਿੱਚੋਂ ਸਿੰਘ ਸਭਾ ਅੰਦੋਲਨ ਇੱਕ ਮਹੱਤਵਪੂਰਨ ਅੰਦੋਲਨ ਸੀ। ਇਸਦੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਸੀ ਕਿ ਇਸਦਾ ਸੰਗਠਨ ਲੋਕਤੰਤਰੀ ਸਿਧਾਂਤਾਂ ਅਨੁਸਾਰ ਕੀਤਾ ਗਿਆ ਸੀ। ਇਸਦੀ ਸਥਾਪਨਾ 1873 ਈ. ਵਿਚ ਅੰਮ੍ਰਿਤਸਰ ਵਿਖੇ ਕੀਤੀ ਗਈ। ਇਸਦੇ ਉਦੇਸ਼ ਸਿੱਖ ਧਰਮ ਦਾ ਸੁਧਾਰ ਕਰਨਾ, ਪੰਜਾਬੀ ਭਾਸ਼ਾ ਦਾ ਪ੍ਰਚਾਰ ਕਰਨਾ, ਸਿੱਖਾਂ ਵਿੱਚ ਵਹਿਮਾਂ-ਭਰਮਾਂ ਨੂੰ ਦੂਰ ਕਰਨਾ ਅਤੇ ਸਿੱਖਾਂ ਵਿੱਚ ਵਿੱਦਿਆ ਦਾ ਪ੍ਰਸਾਰ ਕਰਨਾ ਆਦਿ ਸੀ। ਇਸਨੇ ਸਿੱਖਾਂ ਵਿੱਚ ਇੱਕ ਨਵਾਂ ਜੋਸ਼ ਪੈਦਾ ਕਰਨ ਵਿੱਚ ਮਹੱਤਵਪੂਰਨ ਹਿੱਸਾ ਪਾਇਆ। ਇਸ ਲਈ ਇਸਨੂੰ ਸਿੱਖ ਇਤਿਹਾਸ ਵਿਚ ਇਕ ਮਹੱਤਵਪੂਰਨ ਮੋੜ ਮੰਨਿਆ ਜਾਂਦਾ ਹੈ।[1]

1846 ਈ. ਵਿਚ ਲਾਲ ਸਿੰਘ, ਤੇਜਾ ਸਿੰਘ ਅਤੇ ਗੁਲਾਬ ਸਿੰਘ ਵਰਗਿਆਂ ਦੀ ਗਦਾਰੀ ਕਾਰਨ ਸਿੱਖਾਂ ਹੱਥੋਂ ਰਾਜ ਖੁਸ ਗਿਆ ਅਤੇ ਅੰਗਰੇਜ਼ ਪੰਜਾਬ ਉਤੇ ਕਾਬਜ਼ ਹੋ ਗਏ। ਇਸ ਸਮੇਂ ਪੰਜਾਬ ਵਿਚ ਨਵੀਂ ਸਿਖਿਆ ਨੀਤੀ ਲਾਗੂ ਕੀਤੀ ਗਈ ਇਹ ਨੀਤੀ ਭਾਵੇਂ ਸੁਤੰਤਰ ਰਿਆਸਤਾਂ ਵਿਚ ਲਾਗੂ ਨਹੀਂ ਸੀ ਫਿਰ ਵੀ ਮਿਸ਼ਨਰੀ ਪ੍ਰਚਾਰਕਾਂ ਦਾ ਦਬਦਬਾ ਸੀ। ਹੁਣ ਉਹ ਪੂਰੇ ਪੰਜਾਬ ਵਿਚ ਇਹ ਫੈਲ ਗਏ ਜਦੋਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇੰਨ੍ਹਾਂ ਨੂੰ ਲਾਹੌਰ ਦਰਬਾਰ ਦੇ ਰਾਜ ਵਿਚ ਪ੍ਰਚਾਰ ਕਰਨ ਦੀ ਆਗਿਆ ਨਹੀਂ ਸੀ।[2] ਕਈ ਜਗ੍ਹਾ ਮਿਸ਼ਨ ਸਕੂਲ ਖੁਲ ਗਏ। ਨਵੀਂ ਵਿਦਿਅਕ ਨੀਤੀ ਤਹਿਤ ਅਤੇ ਨਵਾਂ ਸਭਿਆਚਾਰ, ਭਾਸ਼ਾ ਆਦਿ ਨੂੰ ਗ੍ਰਹਿਣ ਕਰਨ ਅਤੇ ਜਾਣਨ ਦੀ ਇੱਛਾ ਨਾਲ ਪੰਜਾਬ ਦਾ ਵਿਦਿਆਰਥੀ ਵਰਗ ਇੰਨ੍ਹਾਂ ਸਕੂਲਾਂ ਵਿਚ ਦਾਖਲ ਹੋਣਾ ਸ਼ੁਰੂ ਹੋ ਗਿਆ। ਇਥੇ ਹੋਰ ਵਿਦਿਆ ਦੇ ਨਾਲ ਈਸਾਈ ਧਰਮ ਦੇ ਸਿਧਾਂਤਾਂ ਦਾ ਪ੍ਰਚਾਰ ਹੁੰਦਾ ਸੀ। ਇਸ ਕਰਕੇ ਪੰਜਾਬੀ ਵਿਦਿਆਰਥੀ ਉਸ ਧਰਮ ਵਲ ਪ੍ਰੇਰਿਤ ਹੁੰਦੇ ਸਨ। ਅੰਗਰੇਜ਼ ਸਰਕਾਰ ਨੇ ਆਪਣੇ ਲਿਖਾਰੀਆਂ ਤੋਂ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਲਿਖਵਾਉਣ ਦੀ ਕੋਸ਼ਿਸ਼ ਕੀਤੀ। ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਕਬਜੇ ਵਿਚ ਲੈਣਾ ਚਾਹਿਆ ਇਸ ਲਈ ਮਹੰਤਾਂ, ਪੁਜਾਰੀਆਂ, ਬੇਦੀਆਂ, ਸੋਢੀਆਂ ਅਤੇ ਭੱਲਿਆਂ ਰਾਹੀਂ ਗੁਰੂ ਡੰਮ ਦਾ ਪ੍ਰਚਾਰ ਕੀਤਾ।[3] ਅੰਗਰੇਜ਼ਾਂ ਦੀ ਧਰਮ ਪ੍ਰਚਾਰ ਦੀ ਨੀਤੀ ਦੇ ਵਿਰੋਧ ਵਿਚ ਪੰਜਾਬ ਵਿਚਲੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਜਾਗਰੂਕ ਹੋਣਾ ਸ਼ੁਰੂ ਕਰ ਦਿਤਾ। ਇਸ ਦਾ ਕਾਰਨ ਸੀ ਕਿ ਭਾਰਤ ਜੋ ਪਹਿਲਾਂ ਤੋਂ ਗੁਲਾਮ ਸੀ ਉਸ ਵਿਚਲੇ ਹਿੰਦੂ ਅਤੇ ਮੁਸਲਮਾਨ ਲੋਕਾਂ ਨਾਲ ਪੰਜਾਬ ਵਿਚਲੇ ਇੰਨ੍ਹਾਂ ਦੋਨਾਂ ਧਰਮਾਂ ਦੇ ਪੈਰੋਕਾਰਾਂ ਦੀ ਧਾਰਮਿਕ ਸਾਂਝ ਸੀ। ਭਾਰਤ ਭਰ ਵਿਚ ਹਿੰਦੂ ਮੁਸਲਮਾਨ ਜਾਗਰਿਤੀ ਦੀਆਂ ਲਹਿਰਾਂ ਜਿਵੇਂ ਕਿ ਬ੍ਰਹਮੋ ਸਮਾਜ, ਆਰੀਆ ਸਮਾਜ, ਅਲੀਗੜ੍ਹ ਅੰਦੋਲਨ ਆਦਿ ਚਲ ਰਹੀਆਂ ਸਨ। ਸਿੱਖਾਂ ਦੀ ਗਿਣਤੀ ਪੰਜਾਬ ਵਿਚ ਜਿਆਦਾ ਹੋਣ ਕਰਕੇ ਅਤੇ ਭਾਰਤ ਤੋਂ ਬਾਅਦ ਅੰਗਰੇਜ਼ਾਂ ਦਾ ਕਬਜਾ ਹੋਣ ਕਰਕੇ ਜਾਗਰਿਤੀ ਲਹਿਰਾਂ ਬਾਅਦ ਵਿਚ ਉਠੀਆਂ। ਇੰਨ੍ਹਾਂ ਲਹਿਰਾਂ ਦੀ ਸਿੱਖਾਂ ਨੇ ਪੰਜਾਬ ਵਿਚ ਕਾਫੀ ਮਦਦ ਕੀਤੀ। ਬਹੁਤ ਸਾਰੇ ਸਿੱਖ ਇੰਨ੍ਹਾਂ ਵਿਚ ਸ਼ਾਮਿਲ ਵੀ ਹੋਏ। ਪਰੰਤੂ ਇੰਨ੍ਹਾਂ ਨਾਲ ਜੁੜੇ ਹੋਏ ਅਨਮਤੀਆਂ ਖਾਸਕਰ ਆਰੀਆ ਸਮਾਜੀਆਂ ਦੇ ਸਿੱਖ ਗੁਰੂਆਂ ਦੇ ਖਿਲਾਫ ਕੁਝ ਨਾ ਸਹਿਣਯੋਗ ਬੋਲਣ ਤੇ ਸਿੱਖ ਪਿਛੇ ਹਟ ਗਏ।

ਸਿੱਖਾਂ ਵਿਚ ਅੰਗਰੇਜ਼-ਕਾਲ ਦੀ ਪੁਨਰ ਜਾਗਰਿਤੀ ਦੀ ਸਭ ਤੋਂ ਮਜਬੂਤ ਲਹਿਰ ਸਿੰਘ ਸਭਾ ਲਹਿਰ ਹੈ। ਇਸ ਨੇ ਸਿੱਖਾਂ ਉਪਰ ਹੋ ਰਹੇ ਧਾਰਮਿਕ ਹਮਲਿਆਂ ਨੂੰ ਠਲ੍ਹ ਪਾਈ। ਇਸ ਤੋਂ ਪਹਿਲਾਂ ਦੋ ਲਹਿਰਾਂ ਨਿਰੰਕਾਰੀ ਅਤੇ ਨਾਮਧਾਰੀ ਲਹਿਰਾਂ ਨੇ ਵੀ ਸਿੱਖਾਂ ਵਿਚ ਆਪਣੀ ਸ਼ਾਖ ਬਣਾਈ ਸੀ। ਪਰੰਤੂ ਉਹ ਸਿੱਖ ਧਰਮ ਦੀਆਂ ਸੰਪਰਦਾਵਾਂ ਵਜੋਂ ਸੀਮਤ ਖੇਤਰ ਵਿਚ ਸਿਮਟ ਕੇ ਰਹਿ ਗਈਆਂ ।[4]

### ਸਿੰਘ ਸਭਾ ਅੰਮ੍ਰਿਤਸਰ
ਸਿੰਘ ਸਭਾ ਲਹਿਰ ਦੇ ਸਥਾਪਿਤ ਹੋਣ ਦਾ ਫੌਰੀ ਕਾਰਨ ਅੰਮ੍ਰਿਤਸਰ ਦੇ ਚਾਰ ਸਿੱਖ ਬੱਚਿਆਂ ਅਤਰ ਸਿੰਘ, ਆਇਆ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਦਾ ਈਸਾਈ ਬਣਨ ਦਾ ਐਲਾਨ ਬਣਿਆ। ਇਹ ਚਾਰੇ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਜਿਹੜਾ 1853 ਈ. ਵਿਚ ਸਥਾਪਿਤ ਹੋਇਆ ਸੀ, ਦੇ ਵਿਦਿਆਰਥੀ ਸਨ।[5] ਇਸ ਤੋਂ ਇਲਾਵਾ ਪੰਡਿਤ ਸ਼ਰਧਾ ਰਾਮ ਫਿਲੌਰੀ ਨੇ ਗੁਰੂ ਕੇ ਬਾਗ ਵਿਚ ਕਥਾ ਕਰਨ ਸਮੇਂ ਸਿਖ ਗੁਰੂਆਂ ਅਤੇ ਗ੍ਰੰਥਾਂ ਸੰਬੰਧੀ ਇਤਰਾਜਯੋਗ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ। ਇਹ ਅੰਗਰੇਜ਼ਾਂ ਦੁਆਰਾ ਸਿੱਖ ਇਤਿਹਾਸ ਲਿਖਣ ਲਈ ਨਿਯੁਕਤ ਕੀਤਾ ਗਿਆ ਸੀ। ਪਤਵੰਤੇ ਸਿੱਖਾਂ ਨੇ ਇੰਨ੍ਹਾਂ ਗੱਲਾਂ ਨੂੰ ਨਾ ਸਹਾਰਦੇ ਹੋਏ 1873 ਈ. ਵਿਚ ਅੰਮ੍ਰਿਤਸਰ ਦੇ ਮਜੀਠੀਆ ਬੁੰਗੇ ਵਿਚ ਇਕਤਰਤਾ ਬੁਲਾਈ ਗਈ। ਇਸ ਇਕੱਠ ਵਿਚ 'ਸਿੰਘ ਸਭਾ' ਦਾ

ਐਲਾਨ ਕੀਤਾ ਗਿਆ। ਇਸ ਦੇ ਪ੍ਰਧਾਨ ਸ. ਠਾਕਰ ਸਿੰਘ ਸੰਧਾਵਾਲੀਆ ਅਤੇ ਸਕੱਤਰ ਗਿ. ਗਿਆਨ ਸਿੰਘ ਜੀ ਅੰਮ੍ਰਿਤਸਰ ਵਾਲੇ ਬਣੇ। ਇਸ ਸਭਾ ਨੇ ਇਹ ਕਾਰਜ ਆਪਣੇ ਜ਼ਿੰਮੇ ਲਏ:

1. 'ਸਿੱਖ ਮਤ ਨੂੰ ਆਪਣੀ ਪੁਰਾਤਨ ਪਵਿੱਤਰਤਾ ਦੇ ਦਰਜੇ ਤਕ ਪਹੁੰਚਾਉਣਾ।
2. ਇਤਿਹਾਸਿਕ ਅਤੇ ਧਾਰਮਿਕ ਪੁਸਤਕਾਂ ਸੰਪਾਦਤ ਅਤੇ ਪ੍ਰਕਾਸ਼ਤ ਕਰਨਾ।
3. ਵਰਤਮਾਨ ਗਿਆਨ ਦਾ ਪੰਜਾਬੀ ਦੇ ਮਾਧਿਅਮ ਰਾਹੀਂ ਪਰਚਾਰ ਕਰਨਾ ਅਤੇ ਪੰਜਾਬੀ ਵਿਚ ਰਸਾਲੇ ਅਤੇ ਅਖਬਾਰਾਂ ਚਲਾਉਣਾ।
4. ਕੁਰਾਹੇ ਪੈਣ ਵਾਲਿਆਂ ਦਾ ਸੁਧਾਰ ਕਰਨਾ ਅਤੇ ਸਿੱਖ ਪੰਥ ਵਿਚ ਮੋੜ ਕੇ ਲਿਆਉਣਾ।
5. ਉਚ ਪਦਵੀ ਵਾਲਿਆਂ ਅੰਗਰੇਜ਼ਾਂ ਵਿਚ ਸਿੱਖਾਂ ਦੇ ਵਿਦਿਅਕ ਪ੍ਰੋਗਰਾਮ ਸੰਬੰਧੀ ਦਿਲਚਸਪੀ ਪੈਦਾ ਕਰਨਾ ਅਤੇ ਇਸ ਨੂੰ ਸਿਰੇ ਚੜ੍ਹਾਉਣ ਵਿਚ ਉਨ੍ਹਾਂ ਦਾ ਸਹਿਯੋਗ ਪ੍ਰਾਪਤ ਕਰਨਾ।'[1]

ਅੰਮ੍ਰਿਤਸਰ ਵਿਚ ਸਿੰਘ ਸਭਾ ਦੀ ਸਥਾਪਤੀ ਪਿਛੋਂ ਸਿੱਖਾਂ ਦਾ ਪੜ੍ਹਿਆ ਲਿਖਿਆ ਵਰਗ ਇਸ ਨਾਲ ਜੁੜ ਗਿਆ। ਇਸ ਸਭਾ ਨੇ ਆਪਣੀ ਮੀਟਿੰਗਾਂ ਹਫਤਾਵਾਰ ਮੰਜੀ ਸਾਹਿਬ ਵਿਖੇ ਕਰਨੀਆਂ ਸ਼ੁਰੂ ਕਰ ਦਿਤੀਆਂ। ਸਭ ਤੋਂ ਵੱਡਾ ਕੰਮ ਜੋ ਇਸ ਸਭਾ ਨੇ ਕੀਤਾ ਉਹ ਸਿੱਖ ਇਤਿਹਾਸ ਦੀ ਖੋਜ ਸੀ। ਸ੍ਰੀ ਅੰਮ੍ਰਿਤਸਰ ਤੋਂ ਇਲਾਵਾ ਬਾਹਰ ਦੇ ਵਿਦਵਾਨ ਵੀ ਮਿਲ ਕੇ ਇਸ ਸੰਬੰਧੀ ਵਿਚਾਰ ਕਰਦੇ ਸਨ। ਸਿੰਘ ਸਭਾ ਦੀ ਸਥਾਪਤੀ ਦੇ ਇਕ ਮਹੀਨੇ ਵਿਚ ਗਿ. ਸਰਦੂਲ ਸਿੰਘ ਨੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਬਹਿਸ ਛੇੜੀ। ਉਨ੍ਹਾਂ ਮੁਤਾਬਿਕ ਗੁਰੂ ਸਾਹਿਬ ਕੱਤਕ ਵਿਚ ਨਹੀਂ ਵਿਸਾਖ ਵਿਚ ਅਵਤਰਿਤ ਹੋਏ। ਇਹ ਬਹਿਸ ਤਿੰਨ ਸਾਲ ਚੱਲੀ ਅਤੇ ਕਈ ਸਾਲ ਪਿਛੋਂ ਇਕ ਗੁਰ ਪ੍ਰਣਾਲੀ ਤਿਆਰ ਕੀਤੀ ਗਈ।

ਇਸ ਸਿਲਸਿਲੇ ਵਿਚ ਅੰਮ੍ਰਿਤਸਰ ਵਿਖੇ 28 ਚੇਤਰ ਸੰਮਤ 416 ਗੁ. ਨਾ. 1885 ਈ. ਸੰਮਤ 1942 ਬਿ. ਨੂੰ ਗੁਰਮਤਿ ਗ੍ਰੰਥ ਪ੍ਰਚਾਰਕ ਸਭਾ ਸ੍ਰੀ ਅੰਮ੍ਰਿਤਸਰ ਜੀ ਵਿਚ ਸਥਾਪਤ ਹੋਈ।

ਗੁਰ ਪ੍ਰਣਾਲੀ ਪਿੱਛੋਂ ਸਿੱਖ ਇਤਿਹਾਸ ਦੀਆਂ ਕਈ ਸਾਖੀਆਂ ਤੇ ਬਹਿਸ ਹੋਈ ਅਤੇ ਅੰਤਲੀ ਬਹਿਸ ਦਸਮ ਗ੍ਰੰਥ ਬਾਬਤ ਸੀ। ਇਹ ਸੇਵਾ ਖਾਲਸਾ ਦੀਵਾਨ ਅੰਮ੍ਰਿਤਸਰ ਨੇ ਗੁਰਮਤਿ ਗ੍ਰੰਥ ਪ੍ਰਚਾਰਕ ਸਭਾ ਸ੍ਰੀ ਅੰਮ੍ਰਿਤਸਰ ਨੂੰ ਸੌਂਪੀ। ਇਸ ਦਾ ਕੁਲ ਖਰਚ ਇਸ ਸਭਾ ਦੇ ਸਕਤ੍ਰ ਭਾਈ ਆਗਯਾ ਸਿੰਘ ਜੀ ਹਕੀਮ ਦੇ ਸਪੁਤ੍ਰ ਭਾਈ ਮੰਨਾ ਸਿੰਘ ਜੀ ਨੇ ਆਪਣੇ ਜ਼ਿੰਮੇ ਲਿਆ। ਅੱਡ -ਅੱਡ ਤਰ੍ਹਾਂ ਦੇ 32 ਦਸਮ ਗ੍ਰੰਥ ਵੱਖ ਵੱਖ ਥਾਵਾਂ ਤੋਂ ਲਿਆ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਰੱਖੇ ਗਏ ਅਤੇ ਦਸਮ ਗ੍ਰੰਥ ਦੇ ਨਿਰਨਯ ਲਈ ਵਿਚਾਰ ਸ਼ੁਰੂ ਹੋਈ, ਜਿਹੜੀ 1 ਹਾੜ 1952 ਤੋਂ 6 ਫਗਣ 1952 ਐਤਵਾਰ ਤੱਕ ਚੱਲੀ। ਪੰਥ ਦੀਆਂ ਰਾਵਾਂ ਮੰਗੀਆਂ ਗਈਆਂ ਤੇ ਇਸ ਤਰ੍ਹਾਂ ਪੂਰਨ ਸੁਧਾਈ ਸਾਵਣ 1953 ਤਕ ਹੁੰਦੀ ਰਹੀ। ਇਸ ਬਾਰੇ ਰਿਪੋਰਟ ਤਿਆਰ ਕਰਕੇ 1 ਫਗਣ 1954 ਨੂੰ ਪ੍ਰਕਾਸ਼ਿਤ ਕੀਤੀ ਗਈ ਇਸ ਵਿਚ ਦਸਮ ਪਾਤਸ਼ਾਹ ਦੀ ਕਿਹੜੀ ਕਿਹੜੀ ਬਾਣੀ ਹੈ ਦਾ ਵੇਰਵਾ ਸੀ।

ਇਸ ਸਭਾ ਵਲੋਂ ਹੇਠ ਲਿਖੇ ਛਪੇ ਟਰੈਕਟ ਮਸ਼ਹੂਰ ਹਨ:[2]

1. ਗੁਰਪੁਰਬ ਪ੍ਰਕਾਸ਼
2. ਗੁਰ ਸਿੱਖਾਂ ਦੇ ਨਿਤ ਕਰਮ 9463614699/97
3. ਸਦ ਸਿਧਾਂਤ
4. ਗੁਰਮਤਿ ਸਿਧਾਂਤ
5. ਗੁਰ ਬਿਲਾਸ ਕ੍ਰਿਤ ਕਵਿ ਸੁਖਾ ਸਿੰਘ ਜੀ
6. ਰਿਪੋਟ ਦਸਮ ਗ੍ਰੰਥ ਜੀ ਦੀ ਸੁਧਾਈ ਦੀ
7. ਯਾਤਰਾ ਸ੍ਰੀ ਹਜ਼ੂਰ ਸਾਹਿਬ
8. ਖਾਲਸਾ ਮਨ ਮੋਦਕ
9. ਗੁਰਪੁਰਬ ਕਰਨ ਦੀ ਵਿਧੀ
10. ਗੁਰ ਪ੍ਰਨਾਲੀ ਛੋਟੀ, ਆਦਿ

ਇਨ੍ਹਾਂ ਵੀਚਾਰਾਂ ਤੇ ਉਤਸ਼ਾਹ ਦਾ ਹੀ ਸਿੱਟਾ ਸੀ ਕਿ ਗਿ. ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਤੇ ਪੰਥ ਪ੍ਰਕਾਸ਼ ਗ੍ਰੰਥ ਪ੍ਰਕਾਸ਼ਤ ਕੀਤੇ ਤੇ ਪੰਡਿਤ ਤਾਰਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਕੋਸ਼ ਤੇ ਤੀਰਥ ਸੰਗ੍ਰਿਹ ਆਦਿ ਪੁਸਤਕਾਂ ਲਿਖੀਆਂ।

ਫੇਰ ਖਾਲਸਾ ਟ੍ਰੈਕਟ ਸੁਸਾਇਟੀ ਸਿੱਖ ਧਰਮ ਸੰਬੰਧੀ ਟ੍ਰੈਕਟ ਪ੍ਰਕਾਸ਼ਤ ਕਰਨ ਹਿਤ ਸ੍ਰੀ ਅੰਮ੍ਰਿਤਸਰ ਜੀ ਵਿਖੇ ਭਾਈ ਕੌਰ ਸਿੰਘ ਜੀ ਭਾਈ ਵੀਰ ਸਿੰਘ ਜੀ ਆਦਿ ਬਾਨੀਆਂ ਦੀ ਹਿੰਮਤ ਨਾਲ 1894 ਈ. ਨੂੰ ਬਣੀ।

**ਸ੍ਰੀ ਗੁਰੂ ਸਿੰਘ ਸਭਾ ਲਾਹੌਰ**

ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਕਾਇਮ ਹੋਣ ਤੋਂ ਬਾਅਦ ਪੰਜਾਬੀ ਦਾ ਅਧਿਆਪਨ ਪੰਜਾਬ ਯੂਨੀਵਰਸਿਟੀ ਵੱਲੋਂ ਖੁਲ੍ਹੇ ਓਰੀਐਂਟਲ ਕਾਲਜ ਲਾਹੌਰ ਵਿਚ ਡਾ. ਲਾਇਟਨਰ ਦੀ ਸਹਾਇਤਾ ਨਾਲ ਸਨ 1877 ਵਿਚ ਸ਼ੁਰੂ ਹੋਇਆ। ਇਹ ਸੇਵਾ ਭਾਈ ਹਰਸਾ ਸਿੰਘ ਜੀ[3] ਜੋ ਦਰਬਾਰ ਸਾਹਿਬ ਸ੍ਰੀ ਤਰਨ ਤਾਰਨ ਦੇ ਗ੍ਰੰਥੀ ਸਨ, ਨੂੰ ਸੌਂਪੀ ਗਈ। ਇਨ੍ਹਾਂ ਨੇ ਭਾਈ ਗੁਰਮੁਖ ਸਿੰਘ (ਪ੍ਰੋ.), ਦੀਵਾਨ ਬੂਟਾ ਸਿੰਘ, ਸ. ਮੇਹਰ ਸਿੰਘ ਆਦਿ ਲਾਹੌਰ ਵਾਸੀਆਂ ਨਾਲ ਰਲਕੇ 1879 ਈ. ਵਿਚ ਲਾਹੌਰ ਸਿੰਘ ਸਭਾ ਬਣਾਈ। ਇਸ ਦੇ ਨਿਯਮ ਤਕਰੀਬਨ ਅੰਮ੍ਰਿਤਸਰ ਵਾਲੀ ਸਿੰਘ ਸਭਾ ਵਾਲੇ ਹੀ ਰਖੇ ਗਏ।

11 ਅਪ੍ਰੈਲ 1880 ਈ. ਵਿਚ ਸਿੱਖ ਜਥੇਬੰਦੀ ਨੂੰ ਹੋਰ ਪਕਿਆਂ ਕਰਨ ਲਈ ਇਸ ਸਭਾ ਨੂੰ ਸ੍ਰੀ ਅੰਮ੍ਰਿਤਸਰ ਸਭਾ ਨਾਲ ਮਿਲਾ ਕੇ ਸ੍ਰੀ ਸਤਿਗੁਰੂ ਸਿੰਘ ਸਭਾ ਜਨਰਲ ਬਣਾਈ ਗਈ।[4] ਇਸ ਤੋਂ ਬਾਅਦ ਲਾਹੌਰ ਸਿੰਘ ਸਭਾ ਵਲੋਂ ਹਫਤਾਵਾਰੀ 'ਗੁਰਮੁਖੀ ਅਖਬਾਰ' ਅਤੇ ਮਾਸਿਕ ਪੱਤਰ 'ਵਿਦਿਆਰਕ' ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਨਾ ਹੇਠ ਨਿਕਲਣਾ ਸ਼ੁਰੂ ਹੋਇਆ। ਇਸ ਤੋਂ ਬਾਅਦ ਥਾਂ-ਥਾਂ ਸਿੰਘ ਸਭਾਵਾਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ। ਇਹ ਸਾਰੀਆਂ ਸਭਾਵਾਂ ਲਹੌਰ ਅਤੇ ਅੰਮ੍ਰਿਤਸਰ ਵਾਲੀ ਸਿੰਘ ਸਭਾ ਵਿਚੋਂ ਕਿਸੇ ਨਾ ਕਿਸੇ ਨਾਲ ਸੰਬੰਧਿਤ ਸਨ।

ਖਾਲਸਾ ਦੀਵਾਨ ਅੰਮ੍ਰਿਤਸਰ ਅਤੇ ਲਾਹੌਰ

ਸਿੰਘ ਸਭਾਵਾਂ ਦੀ ਗਿਣਤੀ ਵਧਣ ਕਾਰਨ ਕੇਂਦਰੀ ਜਥੇਬੰਧੀ ਦੀ ਲੋੜ ਮਹਿਸੂਸ ਹੋਈ। ਇਸ ਲਈ 1883 ਈ. ਵਿਚ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਸਥਾਪਨਾ ਹੋਈ। ਪਰੰਤੂ ਇਸ ਦੇ ਮੈਂਬਰਾਂ ਠਾਕਰ ਸਿੰਘ ਸੰਧਾਵਾਲੀਆ, ਬਿਕ੍ਰਮ ਸਿੰਘ ਅਤੇ ਬਾਬਾ ਖੇਮ ਸਿੰਘ ਬੇਦੀ ਦੇ ਸਿਧਾਂਤਕ ਵਿਰੋਧਾਂ ਕਾਰਨ ਖਾਲਸਾ ਦੀਵਾਨ ਲਾਹੌਰ ਹੋਂਦ ਵਿਚ ਆਇਆ। ਦੋਹਾਂ ਦੀਵਾਨਾਂ ਦੇ ਨਿਯਮਾਂ ਵਿਚ ਕਾਫੀ ਭਿੰਨਤਾ ਹੋਣ ਕਾਰਨ ਆਪਸੀ ਵਿਰੋਧ ਚਲਦਾ ਰਿਹਾ। ਬਹੁਤ ਸਾਰੀਆਂ ਸਿੰਘ ਸਭਾਵਾਂ ਖ਼ਾਲਸਾ ਦੀਵਾਨ ਅੰਮ੍ਰਿਤਸਰ ਛੱਡ ਕੇ ਖ਼ਾਲਸਾ ਦੀਵਾਨ ਲਾਹੌਰ ਵਿਚ ਸ਼ਾਮਿਲ ਹੋ ਗਈਆਂ। ਨਾਭਾ ਦੇ ਮਹਾਰਾਜਾ ਹੀਰਾ ਸਿੰਘ ਅਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਵੀ ਲਾਹੌਰ ਖ਼ਾਲਸਾ ਦੀਵਾਨ ਦੇ ਸੂਰਪ੍ਰਸਤ ਬਣ ਗਏ।

ਖਾਲਸਾ ਕਾਲਜ ਅੰਮ੍ਰਿਤਸਰ

ਸਿੰਘ ਸਭਾ ਲਹਿਰ ਨੇ ਸਿੱਖਾਂ ਵਿਚ ਵਿਦਿਆ ਫੈਲਾਉਣ ਉਤੇ ਜਿਆਦਾ ਜੋਰ ਦਿੱਤਾ। ਪ੍ਰੋ. ਗੁਰਮੁਖ ਸਿੰਘ ਨੇ ਖਾਲਸਾ ਕਾਲਜ ਬਣਾਉਣ ਲਈ ਅਖਬਾਰ ਰਾਹੀਂ ਬਹੁਤ ਪਰਚਾਰ ਕੀਤਾ। 1883 ਈ. ਵਿਚ ਉਸਨੇ ਹੋਰ ਪਤਵੰਤਿਆਂ ਦੇ ਅਗੇ ਇਹ ਸੁਝਾਅ ਰੱਖਿਆ। ਇਸ ਨਾਲ ਸਾਰੇ ਸਹਿਮਤ ਹੋ ਗਏ ਅਤੇ ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਵਿਚ ਇਕ ਕਮੇਟੀ ਅਗਲੇਰੇ ਕਾਰਜਾਂ ਲਈ ਬਣਾਈ ਗਈ।[5] ਇਸ ਕੰਮ ਲਈ ਉਨ੍ਹਾਂ ਨੇ ਅੰਗਰੇਜ਼ ਅਫਸਰਾਂ ਨੂੰ ਮਾਨ ਪਤਰ ਦੇ ਕੇ ਆਪਣੇ ਨਾਲ ਰਲਾਇਆ ਅਤੇ ਸਹਾਇਤਾ ਮੰਗੀ। ਸਿੱਖਾਂ ਵਿਚੋਂ ਕੁਝ ਅਮੀਰ ਆਗੂਆਂ ਨੇ ਆਪਣਾ ਨਾਮ ਕਾਲਜ ਨਾਲ ਜੋੜਨ ਦੀ ਸ਼ਰਤ ਉਤੇ ਸਹਾਇਤਾ ਦੇਣ ਦੀ ਪੇਸ਼ਕਸ਼ ਕੀਤੀ। ਪਰੰਤੂ ਪ੍ਰੋ. ਗੁਰਮੁਖ ਸਿੰਘ ਕਿਸੇ ਖਾਸ ਬੰਦੇ ਦੀ ਜਾਇਦਾਦ ਜਾਂ ਸਹਾਇਤਾ ਨਾਲ ਇਸ ਕਾਰਜ ਨੂੰ ਪੂਰਾ ਕਰਨ ਲਈ ਨਾ ਮੰਨੇ। ਸਰਕਾਰ ਦੀ ਸਹਾਇਤਾ ਨਾਲ ਸਿੱਖ ਰਈਸਾਂ ਅਤੇ ਰਾਜਿਆਂ ਅਤੇ ਆਮ ਸਿੱਖਾਂ ਤੋਂ ਕਾਫੀ ਚੰਦਾ ਇਕਠਾ ਹੋ ਗਿਆ। ਫਿਰ ਕਾਲਜ ਕਿਸ ਜਗ੍ਹਾ ਬਣੇ? ਇਹ ਸਵਾਲ ਦਰਪੇਸ਼ ਆਇਆ। ਕੁਝ ਸਿੰਘ ਸਭਾ ਦੇ ਮੈਂਬਰ ਇਸ ਨੂੰ ਲਾਹੌਰ ਬਣਾਉਣਾ ਚਾਹੁੰਦੇ ਸਨ ਅਤੇ ਕੁਝ ਅੰਮ੍ਰਿਤਸਰ। ਅੰਤ ਕਾਫੀ ਜਦੋ-ਜਹਿਦ ਤੋਂ ਬਾਅਦ ਖਾਲਸਾ ਕਾਲਜ ਦੀ ਇਮਾਰਤ ਲਈ ਅੰਮ੍ਰਿਤਸਰ ਨੂੰ ਚੁਣਿਆ ਗਿਆ। ਇਸ ਲਈ ਅੰਮ੍ਰਿਤਸਰ ਤੋਂ ਲਾਹੌਰ ਜਾਣ ਵਾਲੀ ਸੜਕ ਦੇ ਸੱਜੇ ਹੱਥ ਪਿੰਡ ਕੋਟ ਸੈਦ ਮਹਿਮੂਦ ਦੇ ਜਿਮੀਦਾਰਾਂ ਤੋਂ 100 ਏਕੜ ਜਮੀਨ ਖਰੀਦ ਕੇ 5 ਮਾਰਚ 1892 ਈ. ਨੂੰ ਸਰ ਜੇਮਜ਼ ਲਾਇਲ ਲਾਟ ਸਾਹਿਬ ਪੰਜਾਬ ਤੋਂ ਨੀਂਹ ਰਖਵਾਈ ਗਈ।[6]ਜਦੋਂ ਇਹ ਕਾਲਜ ਬਣ ਰਿਹਾ ਸੀ ਤਾਂ ਸਿੱਖ ਲੀਡਰਾਂ ਦੀ ਅਪੀਲ ਤੇ ਹਰ ਪਰਿਵਾਰ ਨੇ ਦੋ ਆਨੇ ਫ਼ੀਸਦੀ- ਏਕੜ ਸੈੱਸ ਦਿੱਤਾ। ਇਥੋਂ ਤੱਕ ਕਿ ਪ੍ਰਿੰਸ ਅਤੇ ਪ੍ਰਿੰਸ ਆਫ ਵੇਲਜ਼ ਜਾਰਜ ਪੰਜਵੇਂ ਨੇ ਵੀ ਦੋ ਲੱਖ ਰੁਪਏ ਦਾਨ ਦਿੱਤਾ। ਕਾਲਜ ਦੀ ਸ਼ੁਰੂਆਤ ਵਿਚ 'ਖਾਲਸਾ ਕਾਲਜ ਸਕੂਲ' ਖੋਲਿਆ ਗਿਆ ਅਤੇ ਮਿਡਲ ਤਕ ਦੀ ਪੜ੍ਹਾਈ ਸ਼ੁਰੂ ਹੋਈ। ਫੇਰ 1896 ਵਿਚ ਹਾਈ ਅਤੇ ਐਫ.ਏ. ਦੀਆਂ ਕਲਾਸਾਂ ਸ਼ੁਰੂ ਹੋਈਆਂ। ਇਸ ਤੋਂ ਤਿੰਨ ਸਾਲ ਮਗਰੋਂ ਬੀ.ਏ. ਆਦਿ ਦੀ ਪੜ੍ਹਾਈ ਸ਼ੁਰੂ ਹੋ ਗਈ।

ਚੀਫ ਖਾਲਸਾ ਦੀਵਾਨ

ਲਾਹੌਰ ਅਤੇ ਅੰਮ੍ਰਿਤਸਰ ਖਾਲਸਾ ਦੀਵਾਨਾਂ ਵਿਚ ਸਿਧਾਂਤਿਕ ਮਤਭੇਦਾਂ ਕਾਰਨ ਦੋਹਾਂ ਜਥੇਬੰਧੀਆਂ ਦੀ ਵਿਥ ਵਧਦੀ ਗਈ। ਪਰੰਤੂ ਸਮੇਂ ਦੇ ਨਾਲ ਲਾਹੌਰ ਵਾਲੇ ਦੀਵਾਨ

ਦੇ ਮੋਢੀ ਪ੍ਰੋ. ਗੁਰਮੁਖ ਸਿੰਘ ਦੇ 1898 ਈ. ਅਤੇ ਗਿ. ਦਿੱਤ ਸਿੰਘ ਦੇ 1901 ਈ. ਵਿਚ ਚੜ੍ਹਾਈ ਕਰ ਜਾਣ ਨਾਲ ਉਸ ਦੇ ਆਗੂ ਕਮਜ਼ੋਰ ਪੈ ਗਏ। ਦੂਜੇ ਪਾਸੇ ਸ. ਸੁੰਦਰ ਸਿੰਘ ਮਜੀਠੀਆ 1892-93 ਈ. ਵਿਚ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵਿਚ ਸ਼ਾਮਿਲ ਹੋਏ। ਇਹ ਸ. ਅਤਰ ਸਿੰਘ ਭਦੌੜ ਜੋ ਲਾਹੌਰ ਦੀਵਾਨ ਦੇ ਪ੍ਰਧਾਨ ਸਨ ਉਨ੍ਹਾਂ ਦੇ ਰਿਸ਼ਤੇਦਾਰ ਸਨ। ਇਸ ਲਈ ਕੁਝ ਨਵੇਂ ਤਜਰਬੇ ਕਰਨ ਦਾ ਮਨਸੂਬਾ ਲੈ ਕੇ ਇੰਨ੍ਹਾਂ ਨੇ ਦੋਹਾਂ ਜਥੇਬੰਧੀਆਂ ਨੂੰ ਜੋੜਨ ਦਾ ਕਾਰਜ ਸ਼ੁਰੂ ਕੀਤਾ। ਇਸ ਤੋਂ ਇਲਾਵਾ ਖਾਲਸਾ ਕਾਲਜ ਦੀਆਂ ਗਤੀਵਿਧੀਆਂ ਵਿਚ ਵੀ ਇੰਨ੍ਹਾਂ ਨੇ ਗਰਮਜੋਸ਼ੀ ਨਾਲ ਭਾਗ ਲਿਆ। ਆਪਣੀਆਂ ਕੋਸ਼ਿਸ਼ਾਂ ਸਦਕਾ ਇੰਨ੍ਹਾਂ ਨੇ 30 ਅਕਤੂਬਰ 1902 ਨੂੰ ਚੀਫ ਖਾਲਸਾ ਦੀਵਾਨ ਸਥਾਪਿਤ ਕਰ ਦਿੱਤਾ ਗਿਆ ਅਤੇ1904 ਈ.ਵਿਚ ਇਸ ਸੰਸਥਾ ਨੂੰ ਰਜਿਸਟਰ ਕੀਤਾ ਗਿਆ। ਇਸ ਦੇ ਪ੍ਰਧਾਨ ਭਾਈ ਅਰਜਨ ਸਿੰਘ ਬਾਗੜੀਆਂ ਅਤੇ ਸਕੱਤਰ ਸ. ਸੁੰਦਰ ਸਿੰਘ ਮਜੀਠੀਆ ਬਣੇ। ਬਾਬੂ ਤੇਜਾ ਸਿੰਘ ਭਸੌੜ ਨੇ ਇਸ ਲਈ ਪਹਿਲੀ ਅਰਦਾਸ ਕੀਤੀ। ਪਹਿਲੇ ਦੋਵੇਂ ਦੀਵਾਨ ਇਸ ਵਿਚ ਸ਼ਾਮਿਲ ਕਰ ਲਏ ਗਏ। ਦੀਵਾਨ ਕੋਲ ਆਸ਼ੇ ਅਤੇ ਨਿਯਮ ਪਹਿਲਾਂ ਵਾਲੇ ਹੀ ਸਨ, ਜਿਵੇਂ ਥਾਂ-ਥਾਂ ਧਰਮ ਦਾ ਪਰਚਾਰ ਕਰਨਾ ਅਤੇ ਸਿੱਖਾਂ ਨੂੰ ਆਪਣੇ ਧਰਮ ਬਾਰੇ ਹੋਰ ਜਾਗਰੂਕ ਕਰਨਾ।[7] ਇਸ ਨਾਲ ਇਕ ਕਾਰਜ ਖਾਲਸਾ ਕਾਲਜ ਨੂੰ ਪੱਕੇ ਪੈਰਾਂ ਤੇ ਕਰਨ ਦਾ ਹੋਰ ਜੁੜ ਗਿਆ ਸੀ।[8] ਇੰਨ੍ਹਾਂ ਕਾਰਜਾਂ ਲਈ ਸ. ਸੁੰਦਰ ਸਿੰਘ ਮਜੀਠੀਆ ਨੇ ਚੰਦਾ ਇਕਠਾ ਕਰਨਾ ਸ਼ੁਰੂ ਕਰ ਦਿਤਾ। ਖਾਲਸਾ ਕਾਲਜ ਵਿਚ ਭਾਰੀ ਦਰਬਾਰ ਕਰਕੇ ਮਹਾਰਾਜਾ ਹੀਰਾ ਸਿੰਘ ਵਰਗਿਆਂ ਤੋਂ ਯੋਗਦਾਨ ਪਵਾਇਆ ਗਿਆ। ਇਸ ਸਮੇਂ 21 ਲੱਖ ਰੁਪਈਆਂ ਇਕੱਠਾ ਹੋਇਆ ਜਿਸ ਨਾਲ ਖਾਲਸਾ ਕਾਲਜ ਪੱਕੇ ਪੈਰੀਂ ਕਰ ਦਿਤਾ ਗਿਆ। ਇਸ ਨੇ ਸਿੰਘ ਸਭਾ ਦੇ ਉਦੇਸ਼ਾਂ ਦਾ ਪ੍ਰਚਾਰ ਕਰਨ ਵਿੱਚ ਬਹੁਤ ਸ਼ਲਾਘਾਯੋਗ ਯੋਗਦਾਨ ਪਾਇਆ।

ਇਸ ਦੀਵਾਨ ਤੋਂ ਇਲਾਵਾ ਵੀ ਕਈ ਹੋਰ ਦੀਵਾਨ ਹੋਂਦ ਵਿਚ ਆਏ ਜਿਵੇਂ ਪੰਚ ਖਾਲਸਾ ਦੀਵਾਨ ਭਸੌੜ ਅਰਥਾਤ ਖਾਲਸਾ ਪਾਰਲੀਮੈਂਟ', ਖਾਲਸਾ ਦੀਵਾਨ, ਨਾਭਾ, ਗੜਗਜ ਅਕਾਲੀ ਦੀਵਾਨ, ਤਰਨ ਤਾਰਨ ਆਦਿ। ਇੰਨ੍ਹਾਂ ਨੇ ਚੀਫ ਖਾਲਸਾ ਦੀਵਾਨ ਤੋਂ ਅਲੱਗ ਰਹਿ ਕੇ ਸਿੱਖਾਂ ਵਿਚ ਵਿਦਿਆ ਫੈਲਾਉਣ ਦੇ ਕਾਰਜ ਆਪਣੇ ਢੰਗ ਨਾਲ ਕੀਤੇ।

ਸਿੱਖ ਐਜੂਕੇਸ਼ਨਲ ਕਾਨਫਰੰਸ

ਚੀਫ ਖਾਲਸਾ ਦੀਵਾਨ ਦੇ ਜਿੱਥੇ ਦੇਸ਼ ਦੇ ਵਖ-ਵਖ ਭਾਗਾਂ ਵਿਚ ਪ੍ਰਚਾਰ ਕਰਿਆ ਕਰਦੇ ਸਨ।1907 ਈ. ਵਿਚ ਚੀਫ ਖਾਲਸਾ ਦੀਵਾਨ ਦਾ ਇਕ ਜਥਾ ਪ੍ਰਚਾਰ ਲਈ ਕਰਾਚੀ ਗਿਆ। ਉਸ ਸਮੇਂ ਉਥੇ ਮੁਹੰਡਨ ਐਜੂਕੇਸਨਲ ਕਾਨਫਰੰਸ ਦਾ ਜਲਸਾ ਹੋ ਰਿਹਾ ਸੀ, ਜਿਸ ਨੂੰ ਦੇਖ ਕੇ ਸਿੱਖਾਂ ਵਿਚ ਵੀ ਅਜਿਹੀ ਕਾਨਫਰੰਸ ਦਾ ਖਿਆਲ ਆਇਆ। ਇਸ ਲਈ ਸ. ਸੁੰਦਰ ਸਿੰਘ ਮਜੀਠੀਆ ਨੇ 9 ਜਨਵਰੀ 1908 ਤੋਂ ਆਪਣੀ ਕੋਠੀ ਵਿਚ ਕਈ ਮੀਟਿੰਗਾਂ ਕਰਕੇ 19 ਜਨਵਰੀ 1908 ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਸਥਾਪਨਾ ਕੀਤੀ। ਇਸਦਾ ਪਹਿਲਾ ਸਮਾਗਮ ਬਾਬੂ ਗੁਲਾਬ ਸਿੰਘ ਦੀ ਬੇਨਤੀ ਤੇ ਗੁਜਰਾਂਵਾਲੇ ਵਿਚ ਹੋਇਆ। ਇਸ ਕਾਨਫਰੰਸ ਦੇ ਮੁਖ ਕੰਮ ਇਹ ਸਨ:

1. ਵਿੱਦਿਆ ਪਰਚਾਰ-ਕਾਨਫਰੰਸਾਂ ਕਰਨੀਆਂ, ਸਕੂਲ ਖੋਲ੍ਹਣੇ, ਮੁੱਢਲੀ ਵਿੱਦਿਆ ਲਈ ਫੰਡ ਇਕੱਠਾ ਕਰਨਾ।
2. ਧਾਰਮਿਕ ਵਿਦਿਆ- ਧਰਮ ਪੋਥੀਆਂ, ਸਕੀਮਾਂ ਵਜੀਫੇ, ਅੰਮ੍ਰਿਤ ਪਰਚਾਰ, ਧਾਰਮਿਕ ਕੀਰਤਨ ਅਤੇ ਦੀਵਾਨ।
3. ਪੰਜਾਬੀ ਪਰਚਾਰ- ਪੁਸਤਕਾਂ ਤਿਆਰ ਕਰਵਾਉਣੀਆਂ, ਯੂਨੀਵਰਸਿਟੀ, ਸਕੂਲਾਂ ਦੀ ਪੜ੍ਹਾਈ ਸਕੀਮ, ਕਚਹਿਰੀਆਂ, ਡਾਕਖਾਨੇ, ਰੇਲਾਂ ਆਦਿ ਸਭ ਥਾਂ ਪੰਜਾਬੀ ਨੂੰ ਯੋਗ ਥਾਂ ਦਿਵਾਉਣੀ
4. ਮਹਿਕਮਾ ਤਾਲੀਮ ਵਿਚ ਸਿੱਖ ਹੱਕਾਂ ਦੀ ਰਾਖੀ।
5. ਅਛੂਤ ਉਧਾਰ[9]

ਇਸ ਕਾਨਫਰੰਸ ਦੇ ਸ਼ੁਰੂ ਹੋਣ ਨਾਲ ਮੁੱਢਲੀ ਵਿੱਦਿਆ ਦੇ ਸਕੂਲ ਖੁਲਣੇ ਸ਼ੁਰੂ ਹੋ ਗਏ ਜਿਸ ਕਾਰਨ ਸਕੂਲਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੁੰਦਾ ਰਿਹਾ। ਜਦੋਂ 1908 ਈ.ਵਿੱਚ ਇਸਦੀ ਸਥਾਪਨਾ ਹੋਈ ਤਾਂ ਉਸ ਸਮੇਂ ਕੇਵਲ 7 ਖਾਲਸਾ ਸਕੂਲ ਸਨ। ਛੇਤੀ ਹੀ ਸਕੂਲਾਂ ਤੇ ਕਾਲਜਾਂ ਗਿਣਤੀ 58 ਹੋ ਗਈ। 1908 ਤੋਂ 1947 ਤੱਕ ਲਗਭਗ 333 ਖ਼ਾਲਸਾ ਸਕੂਲ ਲਾਹੌਰ, ਸਿਆਲਕੋਟ, ਰਾਵਲਪਿੰਡੀ, ਗੁਜਰਾਂਵਾਲਾ ਅਤੇ ਕਈ ਹੋਰ ਸਥਾਨਾਂ ਤੇ ਨਵੇਂ ਖੁੱਲ੍ਹ ਗਏ। ਇਸ ਨੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਕਰਨ ਵਿੱਚ ਵੀ ਅਤਿਅੰਤ ਸ਼ਲਾਘਾਯੋਗ ਭੂਮਿਕਾ ਨਿਭਾਈ।ਇਸ ਤੋਂ ਪਹਿਲਾਂ ਸਿੰਘ ਸਭਾ ਲਹਿਰ ਨੇ ਜਿਹੜੇ ਜਤਨ ਕੀਤੇ ਸਨ ਇਸ ਕਾਨਫਰੰਸ ਨੇ ਉਨ੍ਹਾਂ ਨੂੰ ਵੱਡੀ ਪੱਧਰ 'ਤੇ ਲਾਗੂ ਕੀਤਾ।

ਸਿੰਘ ਸਭਾ ਸਮੇਂ ਸਿੱਖ ਵਿੱਦਿਆ

ਸਾਨੂੰ ਸਿੰਘ ਸਭਾ ਲਹਿਰ ਤੋਂ ਪਹਿਲਾਂ 1865 ਤੋਂ 1882 ਈ. ਤਕ ਅੰਮ੍ਰਿਤਸਰ ਸ਼ਹਿਰ ਵਿਚ ਚਲਦੇ ਭਾਈ ਹਜ਼ਾਰਾ ਸਿੰਘ, ਕਿਸ਼ਨ ਸਿੰਘ ਆਰਿਫ, ਰਾਮ ਸਿੰਘ, ਪ੍ਰੇਮ ਸਿੰਘ, ਪ੍ਰਤਾਪ ਸਿੰਘ, ਆਤਮਾ ਸਿੰਘ, ਰੂਪਾ ਸਿੰਘ, ਗੋਪਾਲ ਦਾਸ, ਸਾਧੂ ਰਾਮ, ਸਰਦੂਲ ਸਿੰਘ, ਮਹੇਸ਼ ਦਾਸ, ਭਾਈ ਸ਼ੁਧ ਆਤਮਾ ਸਿੰਘ, ਰਾਮਚੰਦ, ਪ੍ਰਤਾਪ ਸਿੰਘ ਆਦਿ; ਲਾਹੌਰ ਵਿਚ ਭਾਈ ਭਗਤ ਸਿੰਘ, ਸੰਤ ਸਿੰਘ, ਨਿਹਾਲ ਸਿੰਘ, ਪ੍ਰਤਾਪ ਸਿੰਘ, ਗੰਡਾ ਸਿੰਘ, ਨਥਾ ਸਿੰਘ, ਰਾਮ ਸਿੰਘ, ਭਗਵਾਨ ਸਿੰਘ, ਪ੍ਰੇਮ ਸਿੰਘ, ਹਰਸਾ ਸਿੰਘ, ਜੋਗੀ ਸ਼ਿਵ ਨਾਥ, ਗੁਰਮੁਖ ਸਿੰਘ (ਪ੍ਰੋਫੈਸਰ) ਆਦਿ ਤੇ ਸਿਆਲਕੋਟ ਵਿਚ ਭਾਈ ਵਜ਼ੀਰ ਸਿੰਘ, ਕਰਮ ਸਿੰਘ, ਗੰਗਾ ਰਾਮ, ਭਾਗ ਸਿੰਘ, ਮਹਿਤਾਬ ਸਿੰਘ, ਆਸਾ ਸਿੰਘ, ਸੁੰਦਰ ਸਿੰਘ, ਨਿਹਾਲ ਸਿੰਘ, ਗੁਰਦਿਤ ਸਿੰਘ, ਅਤਰ ਸਿੰਘ ਆਦਿ ਵਖੋ-ਵਖ ਮੁਖੀਆਂ ਦੇ ਪ੍ਰਬੰਧ ਹੇਠ ਚਲਦੇ ਸਕੂਲਾਂ ਦਾ ਵੇਰਵਾ ਪ੍ਰਾਪਤ ਹੈ।[10] ਇਹ ਅਦਾਰੇ ਕਦੋਂ ਤੋਂ ਚਲ ਰਹੇ ਸਨ ਇਹ ਤਾਂ ਪਤਾ ਨਹੀਂ ਲਗਦਾ। ਪਰੰਤੂ ਕਿਤੇ ਨਾ ਕਿਤੇ ਉਪਰੋਕਤ ਪ੍ਰਬੰਧਕਾਂ ਦਾ ਬਾਅਦ ਵਿਚ ਪੈਦਾ ਹੋਈ ਸਿੰਘ ਸਭਾ ਲਹਿਰ ਨਾਲ ਜੁੜਨ ਦਾ ਜ਼ਰੂਰ ਪਤਾ ਲਗਦਾ ਹੈ।

1865 ਈ. ਵਿਚ ਡਾ. ਲਾਇਟਨਰ ਦੀ ਅਗਵਾਈ ਵਿਚ 'ਅੰਜਮਨਿ ਪੰਜਾਬ' ਨਾਮੀ ਅਦਾਰਾ ਚਲਾਇਆ ਗਿਆ। ਇਸ ਵਿਚ ਇਕ ਵਿਭਾਗ ਅਨੁਵਾਦ ਦਾ ਵੀ ਸੀ, ਜਿਸਦਾ ਮੁਖ ਕੰਮ ਅੰਗਰੇਜ਼ੀ ਆਦਿ ਭਾਸ਼ਾਵਾਂ ਵਿਚੋਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਚੰਗੀਆਂ ਕਿਤਾਬਾਂ ਦਾ ਅਨੁਵਾਦ ਕਰਨਾ ਸੀ। ਰਾਇ ਮੂਲ ਸਿੰਘ, ਭਾਈ ਹਰਿਭਗਤ ਸਿੰਘ ਅਤੇ ਲਾਲਾ ਬਿਹਾਰੀ ਲਾਲ ਇਸ ਵਿਭਾਗ ਵਿਚ ਪੰਜਾਬੀ ਅਨੁਵਾਦ ਦਾ ਕੰਮ ਕਰਦੇ ਸਨ। ਇੰਨ੍ਹਾਂ ਦੁਆਰਾ ਅਨੁਵਾਦ ਕੀਤੀਆਂ ਪੁਸਤਕਾਂ ਦਾ ਵੇਰਵਾ ਪ੍ਰਾਪਤ ਨਹੀਂ ਹੁੰਦਾ।

ਇਸ ਸੰਸਥਾ ਤੋਂ ਇਲਾਵਾ ਇਸ ਸਮੇਂ ਹੋਰ ਵਿਦਵਾਨਾਂ ਅਤੇ ਕਵੀਆਂ ਦੀਆਂ ਰਚਨਾਵਾਂ ਜਿਵੇਂ ਕਵੀ ਖਜ਼ਾਨ ਸਿੰਘ ਪਟਿਆਲਵੀ ਦਾ 'ਜੰਗ ਨਾਮਾ ਦਿੱਲੀ'[11], ਭਾਈ ਸ਼ੋਕਾ ਰਾਮ ਹਜਰੋ ਦੀ ਸ਼ੀਹਰਫੀ ਬਾਲਕ ਸਿੰਘ, ਪੰਡਿਤ ਸ਼ਰਧਾ ਰਾਮ ਫਲੌਰੀ ਦੀ ਸਿੱਖਾਂ ਦੇ ਰਾਜ ਦੀ ਵਿਥਿਆ ਅਤੇ ਪੰਜਾਬੀ ਬਾਤ ਚੀਤ, ਪੰਡਿਤ ਭਾਨੂੰ ਦੱਤ ਦਾ ਰੂਸ ਦਾ ਬ੍ਰਿਤਾਂਤ ਅਤੇ ਗੁਰੂ ਸਿੰਘ ਇਤਿਹਾਸ, ਭਾਈ ਕਿਸ਼ਨ ਸਿੰਘ ਆਰਿਫ ਦੀਆਂ ਪੋਥੀ ਸੁਧਰਮੀ (ਵਾਰਤਕ) ਅਤੇ ਕਈ ਕਿਸੇ ਮਿਲਦੇ ਹਨ।[12]

ਸਿੰਘ ਸਭਾ ਅੰਮ੍ਰਿਤਸਰ ਦੇ ਮੋਢੀਆਂ ਵਿਚੋ ਬਾਬਾ ਖੇਮ ਸਿੰਘ ਬੇਦੀ ਨੇ ਸਭ ਤੋਂ ਪਹਿਲਾਂ ਸਿੱਖ ਲੜਕੀਆਂ ਦੀ ਪੜ੍ਹਾਈ ਉਪਰ ਜੋਰ ਦਿੱਤਾ। ਉਨ੍ਹਾਂ ਨੇ ਇਹ ਪਾਠਸ਼ਾਲਾਵਾਂ ਰਾਵਲਪਿੰਡੀ, ਧੰਨੀ, ਪੋਠੋਹਾਰ, ਜਿਹਲਮ ਅਤੇ ਗੁਜਰਾਤ ਦੇ ਇਲਾਕੇ ਵਿਚ ਖੋਲੀਆਂ। 1876 ਈ. ਵਿਚ ਇੰਨ੍ਹਾਂ ਦੀ ਗਿਣਤੀ 40 ਅਤੇ 1879 ਈ. ਵਿਚ 42 ਸੀ।[13] 1870 ਤੋਂ 1916 ਈ. ਤਕ ਇਸ ਕਾਰਜ ਲਈ ਉਨ੍ਹਾਂ ਨੇ 50000 ਰੁਪਏ ਖਰਚ ਕੀਤੇ।[14]। ਇਨ੍ਹਾਂ ਪਾਠਸ਼ਾਲਾਵਾਂ ਦੀ ਸਥਾਪਨਾ ਨਾਲ ਸਿੱਖ ਵਿਦਿਆਰਥੀ ਆਪਣੇ ਧਰਮ ਦੇ ਸਿਧਾਂਤਾਂ ਅਨੁਸਾਰ ਪੰਜਾਬੀ ਭਾਸ਼ਾ ਵਿਚ ਸਿੱਖਿਆ ਪ੍ਰਾਪਤ ਕਰਨ ਲੱਗੇ। ਪ੍ਰੋਫ਼ੈਸਰ ਤੇਜਾ ਸਿੰਘ ਦੇ ਕਥਨ ਅਨੁਸਾਰ, "ਸਿੱਖ ਸਕੂਲਾਂ ਵਿੱਚ ਕੇਵਲ ਸਿੱਖਿਆ ਹੀ ਨਹੀਂ ਦਿੱਤੀ ਜਾਂਦੀ ਸੀ ਸਗੋਂ ਉਹ ਸਿੱਖ ਧਰਮ ਦੇ ਗੜ੍ਹ ਵੀ ਬਣ ਗਏ, ਜਿੱਥੇ ਵੀ ਉਨ੍ਹਾਂ ਦੀ ਸਥਾਪਨਾ ਹੋਈ।"

ਜਿਸ ਸਮੇਂ ਖਾਲਸਾ ਕਾਲਜ ਬਣਾਉਣ ਦੀਆਂ ਤਿਆਰੀਆਂ ਚਲ ਰਹੀਆਂ ਸਨ ਉਸ ਸਮੇਂ ਭਾਈ ਤਖਤ ਸਿੰਘ ਨੇ ਫਿਰੋਜ਼ਪੁਰ ਵਿਚ ਚੀਫ ਖਾਲਸਾ ਦੀਵਾਨ ਲਾਹੌਰ ਦੀ ਪ੍ਰੇਰਨਾ ਨਾਲ 1892 ਈ. ਵਿਚ 'ਸਿੱਖ ਕੰਨਿਆ ਪਾਠਸ਼ਾਲਾ' ਦੀ ਸਥਾਪਨਾ ਕੀਤੀ। ਫਿਰ ਇਸ ਨੂੰ 'ਸਿੱਖ ਕੰਨਿਆ ਮਹਾਂਵਿਦਿਆਲਾ' ਬਣਾ ਦਿਤਾ ਗਿਆ। ਇਸ ਵਿਦਿਆਲੇ ਦੇ ਨਾਲ ਸਿੱਖ ਇਤਿਹਾਸ ਅਤੇ ਸਾਹਿਤ ਦੀ ਖੋਜ ਲਈ ਇਕ ਲਾਇਬ੍ਰੇਰੀ ਖੋਲੀ ਜਿਸਦਾ ਨਾਮ 'ਭਾਈ ਦਿੱਤ ਸਿੰਘ ਲਾਇਬ੍ਰੇਰੀ' ਹੈ।[15]

1892 ਈ. ਵਿਚ ਖਾਲਸਾ ਕਾਲਜ ਖੁਲਣ ਤੋਂ ਬਾਅਦ ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਸਥਾਪਨਾ ਹੋਈ। ਕਾਨਫਰੰਸ ਕਰਨ ਲਈ ਸਿੱਖ ਵਿਦਿਅਕ ਕਮੇਟੀ ਦਾ ਗਠਨ ਕੀਤਾ ਗਿਆ। ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਵਿਚ ਖਾਲਸਾ ਸਕੂਲ ਖੋਲੇ ਗਏ। ਬੀਬੀਆਂ ਦੇ ਸਕੂਲ 'ਖਾਲਸਾ ਭੁਜੰਗਣ ਸਕੂਲ ਕੈਰੋਂ' ਅਤੇ 'ਵਿਦਿਆ ਭੰਡਾਰ' ਪੰਚ ਖੰਡ ਭਸੌੜ ਇਸੇ ਸਮੇਂ ਖੁੱਲੇ।

ਭਾਈ ਤਖਤ ਸਿੰਘ ਨੇ ਸਿੱਖ ਲੜਕੀਆਂ ਨੂੰ ਸਿੱਖਿਆ ਦੇਣ ਲਈ ਉਤਸ਼ਾਹਪੂਣ ਤੇ ਅਣਥੱਕ ਯਤਨ ਕੀਤੇ। ਉਸਦੇ ਵਡੇਰੇ ਰਾਜਪੂਤਾਂ ਵਿਚੋਂ ਮੁਗਲਾਂ ਦਾ ਪਤਨ ਹੋਣ ਤੇ ਇਹ ਦਿੱਲੀ ਦੇ ਨੇੜੇ ਲੁਟਾਂ-ਖੋਹਾਂ ਕਰਦੇ ਰਹੇ। ਇਸ ਕਰਕੇ ਇੰਨ੍ਹਾਂ ਦਾ ਨਾਮ ਖੋਸੇ ਪਿਆ। ਇੰਨ੍ਹਾਂ ਰਾਜਪੂਤਾਂ ਵਿਚੋਂ ਕੁਝ ਪਰਿਵਾਰ ਲੁਧਿਆਣੇ ਅਤੇ ਫਿਰੋਜ਼ਪੁਰ ਜਿਲ੍ਹਿਆਂ ਵਿਚ ਆ ਵਸੇ ਅਤੇ ਕਰੋੜਸਿੰਘੀਆਂ ਨਾਲ ਮਿਲ ਗਏ।ਇੰਨ੍ਹਾਂ ਵਿਚੋਂ ਸ. ਫੂਲਾ ਸਿੰਘ ਪਿੰਡ ਭਰੋਵਾਲ ਦਾ ਪੁਤਰ ਦੇਵਾ ਸਿੰਘ ਫਿਰੋਜ਼ਪੁਰ ਆ ਕੇ ਕੋਰਟ ਦਾ ਨੌਕਰ ਹੋ ਗਿਆ। ਇਸ ਦੇ ਘਰ ਹੀ ਭਾਈ ਤਖਤ ਸਿੰਘ ਦਾ ਜਨਮ ਹੋਇਆ। ਇੰਨ੍ਹਾਂ ਨੇ ਭਾਈ ਗੁਰਮੁਖ ਸਿੰਘ ਜੀ ਦੀ ਸੰਗਤ ਵਿਚ ਲਹੌਰ ਓਰੀਐਂਟਲ ਕਾਲਜ ਵਿਚ ਪੜ੍ਹਾਈ ਕੀਤੀ। ਜਦੋਂ ਫਿਰੋਜ਼ਪੁਰ ਵਾਪਿਸ ਆਏ ਤਾਂ ਸਿੰਘ ਸਭਾ ਦੇ ਮੈਂਬਰਾਂ ਨਾਲ ਮਿਲਕੇ ਲੜਕਿਆਂ ਦਾ ਸਕੂਲ ਖੁਲਵਾ ਦਿਤਾ ਅਤੇ ਆਪ ਅਧਿਆਪਕ ਬਣੇ। ਫਿਰ ਉਨ੍ਹਾਂ ਨੇ ਜੋਰ ਪਾ ਕੇ ਲੜਕੀਆਂ ਦਾ ਸਕੂਲ ਵੀ ਖੁਲਵਾਇਆ ਜਿਸਦੇ ਉਹ ਮੈਨੇਜਰ ਬਣੇ। ***5*** ਨਵੰਬਰ 1892 ਈ. ਨੂੰ ਇਹ ਵਿਦਿਆਲਾ ਖੋਲ੍ਹਿਆ। ਵਿਦਿਅਕ ਆਸ਼ਰਮਾਂ ਨੂੰ ਚਲਾਉਣ ਲਈ ਘਰ ਦੇ ਗਹਿਣੇ ਅਤੇ ਕਪੜੇ ਵੀ ਵੇਚਣੇ ਪਏ। 1902 ਈ. ਵਿਚ ਲੜਕੀਆਂ ਲਈ ਅੰਗਰੇਜ਼ੀ ਦੀ ਕਲਾਸ ਖੋਲ੍ਹੀ। ਲੜਕੀਆਂ ਦੇ ਬੋਰਡਿੰਗ ਲਈ ਤਿੰਨ ਹਜ਼ਾਰ ਰੁਪਏ ਕਰਜਾ ਲੈ ਕੇ ਇਕ ਹਜ਼ਾਰ ਰੁਪਏ ਪਲਿਓ ਪਾ ਕੇ ਜਮੀਨ ਖਰੀਦੀ। 1904 ਈ. ਵਿਚ ਬੋਰਡਿੰਗ ਖੋਲ੍ਹਿਆ।

ਇਸ ਸਮੇਂ ਸਿੱਖ ਇਤਿਹਾਸ ਅਤੇ ਸਾਹਿਤ ਦੀ ਖੋਜ ਕਰਨ ਵਾਲੀਆਂ ਸੰਸਥਾਵਾਂ ਹੋਂਦ ਵਿਚ ਆਈਆਂ। 1885 ਈ. ਵਿਚ 'ਗੁਰਮਤਿ ਗ੍ਰੰਥ ਪ੍ਰਚਾਰਕ ਸਭਾ' 1894 ਈ. ਵਿਚ 'ਖਾਲਸਾ ਟ੍ਰੈਕਟ ਸੁਸਾਇਟੀ' ਦੀ ਨੀਂਹ ਰੱਖੀ ਗਈ। ਇਸ ਨਾਲ ਬਹੁਤ ਸਾਰੇ ਇਤਿਹਾਸ ਦੇ ਗ੍ਰੰਥ ਪ੍ਰਕਾਸ਼ਿਤ ਹੋਏ।

ਸਿੰਘ ਸਭਾ ਲਹਿਰ ਨੇ ਪੰਜਾਬੀ ਅਤੇ ਸਿੱਖ ਸਾਹਿਤ ਦੇ ਬਹੁਤ ਸਾਰੇ ਲਿਖਾਰੀ ਪੈਦਾ ਕੀਤੇ। ਇੰਨ੍ਹਾਂ ਵਿਚ ਗਿ. ਸਰਦੂਲ ਸਿੰਘ, ਸਿੰਘ ਸਭਾ ਅੰਮ੍ਰਿਤਸਰ ਦੇ ਮੋਢੀਆਂ ਵਿਚੋਂ ਸਨ। ਇੰਨ੍ਹਾਂ ਨੇ 'ਗੁਰਮਤ ਗ੍ਰੰਥ ਪ੍ਰਚਾਰਕ ਸਭਾ' ਸਥਾਪਿਤ ਕਰਵਾ ਕੇ ਬਹੁਤ ਸਾਰੀਆਂ ਪੁਸਤਕਾਂ ਦਾ ਪ੍ਰਕਾਸ਼ਨ ਕਰਵਾਇਆ। ਕੰਵਰ ਬਿਕ੍ਰਮ ਸਿੰਘ ਆਹਲੂਵਾਲੀਆ, ਇਸ ਨੇ 'ਉਪਮਾ ਸਾਰ ਗ੍ਰੰਥ' ਲਿਖਿਆ। ਇਹ ਸਿੰਘ ਸਭਾ ਅੰਮ੍ਰਿਤਸਰ ਦੇ ਮੋਢੀਆਂ ਵਿਚੋਂ ਅਤੇ ਖਾਲਸਾ ਦੀਵਾਨ ਲਾਹੌਰ ਦੇ ਮੁਖ ਸੰਚਾਲਕ ਸਨ । ਬਾਬਾ ਸੁਮੇਰ ਸਿੰਘ ਪਟਨਾ ਸਾਹਿਬ ਦੇ ਮਹੰਤ ਅਤੇ ਗੁਰੂ ਅਮਰਦਾਸ ਜੀ ਦੀ ਕੁਲ ਵਿਚੋਂ ਸਨ। ਇੰਨ੍ਹਾਂ ਨੇ ਬਹੁਤ ਸਾਰੇ ਗ੍ਰੰਥ ਲਿਖੇ ਜਿੰਨ੍ਹਾਂ ਵਿਚ ਗੁਰ ਪਦ ਪ੍ਰੇਮ ਪ੍ਰਕਾਸ਼, ਗੁਰੂ ਨਾਨਕ ਦਿਗ ਵਿਜੈ, ਗੁਰੂ ਕਵਿਤਾਵਲੀ, ਖਾਲਸਾ ਪਚਾਸਾ, ਖਾਲਸਾ ਸ਼ਤਕ, ਗੁਰ ਕੀਰਤਿ ਕਵਿਤਾਵਲੀ ਆਦਿ। ਪੰਡਿਤ ਤਾਰਾ ਸਿੰਘ ਨਰੋਤਮ, ਨਿਰਮਲੇ ਵਿਦਵਾਨ ਸਨ। ਇੰਨ੍ਹਾਂ ਨੇ ਆਪਣਾ ਕਾਫੀ ਜੀਵਨ ਪਟਿਆਲੇ ਗੁਜਾਰਿਆ। ਮਹਾਰਾਜਾ ਨਰਿੰਦ੍ਰ ਸਿੰਘ ਅਤੇ ਮਹਿੰਦ੍ਰ ਸਿੰਘ ਦੀ ਪ੍ਰੇਰਨਾ ਨਾਲ ਗੁਰ ਤੀਰਥ ਸੰਗ੍ਰਹਿ, ਗੁਰਮਤਿ ਨਿਰਣਯ ਸਾਗਰ, ਭਾਵਾਰਥ ਦੀਪਿਕਾ ਟੀਕਾ ਜਪੁਜੀ ਸਾਹਿਬ, ਸ੍ਰੀ ਰਾਗ ਅਤੇ ਗਾਉੜੀ ਰਾਗ ਸਟੀਕ, ਗੁਰੂ ਗਿਰਾਰਥ ਕੋਸ਼ ਆਦਿ ਰਚਨਾਵਾਂ ਲਿਖੀਆਂ। ਗਿ. ਗਿਆਨ ਸਿੰਘ ਪ੍ਰਸਿਧ ਇਤਿਹਾਸਕਾਰ ਪਿੰਡ ਲੌਂਗੋਵਾਲ ਜੋ ਉਸ ਸਮੇਂ ਰਿਆਸਤ ਪਟਿਆਲਾ ਵਿਚ ਪੈਂਦਾ ਸੀ ਦੇ ਵਸਨੀਕ ਸਨ। ਇਹ ਪੰਡਿਤ ਤਾਰਾ ਸਿੰਘ ਦੇ ਸ਼ਗਿਰਦ ਸਨ। ਇੰਨ੍ਹਾਂ ਨੇ ਅੰਮ੍ਰਿਤਸਰ ਅਤੇ ਪਟਿਆਲੇ ਰਹਿ ਕੇ ਸ੍ਰੀ ਗੁਰੂ ਪੰਥ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ, ਸ਼ਮਸ਼ੇਰ ਖਾਲਸਾ, ਨਿਰਮਲ ਪੰਥ ਪ੍ਰਦੀਪਿਕਾ, ਤਵਾਰੀਖ ਅੰਮ੍ਰਿਤਸਰ, ਤਵਾਰੀਖ ਲਾਹੌਰ, ਤਵਾਰੀਖ ਬਾਗੜੀਆਂ ਆਦਿ ਰਚਨਾਵਾਂ ਕੀਤੀਆਂ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਸਿੰਘ ਸਭਾ ਲਹਿਰ ਦੇ ਲਿਖਾਰੀ ਵਜੋਂ ਆਪਣੀ ਅਹਿਮ ਭੂਮਿਕਾ ਨਿਭਾਈ। ਉਹ ਜਿਥੇ ਪਿੰਗਲ, ਵਿਆਕਰਣ, ਧਰਮ, ਤਰਕ, ਨਿਆਇ, ਇਤਿਹਾਸ, ਸੰਸਕ੍ਰਿਤ, ਹਿੰਦੀ, ਪੰਜਾਬੀ ਦੇ ਗੰਭੀਰ ਚਿੰਤਕ ਸਨ ਉਥੇ ਨਾਲ ਹੀ ਨਾਲ ਫ਼ਾਰਸੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਵੀ ਧੁਰੰਦਰ ਵਿਦਵਾਨ ਸਨ। ਇਨ੍ਹਾਂ ਨੇ ਭਾਈ ਗੁਰਮੁਖ ਸਿੰਘ ਨਾਲ ਮਿਲ ਕੇ ਸਿੰਘ ਸਭਾ ਲਾਹੌਰ ਦੀ ਸਥਾਪਨਾ ਕੀਤੀ ਅਤੇ ਸਿੱਖ ਧਰਮ ਦੀ ਵਿਆਖਿਆਕਾਰੀ, ਸਿਧਾਂਤਾਂ ਅਤੇ ਰਹਿਤ ਮਰਿਯਾਦਾ ਨਾਲ ਜੁੜੀਆਂ ਬਹੁਤ ਸਾਰੀਆਂ ਰਚਨਾਵਾਂ ਜਿਵੇਂ ਹਮ ਹਿੰਦੂ ਨਹੀਂ, ਗੁਰਮਤ ਸੁਧਾਕਰ, ਗੁਰਮਤ ਪ੍ਰਭਾਕਰ, ਗੁਰਮਤ ਮਾਰਤੰਡ ਅਤੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਆਦਿ ਸਿੱਖ ਜਗਤ ਨੂੰ ਦਿੱਤੀਆਂ।

ਇੰਨ੍ਹਾਂ ਤੋਂ ਇਲਾਵਾ ਭਾਈ ਗੁਰਮੁਖ ਸਿੰਘ, ਗਿ. ਦਿੱਤ ਸਿੰਘ, ਭਾਈ ਅਵਤਾਰ ਸਿੰਘ ਵਹੀਰੀਆ, ਬਾਵਾ ਨਿਹਾਲ ਸਿੰਘ ਹਰਗੋਬਿੰਦਪੁਰੀ, ਭਾਈ ਮਈਆ ਸਿੰਘ, ਮਿਸਟਰ ਮੈਕਾਲਿਫ ਅਤੇ ਭਾਈ ਵੀਰ ਸਿੰਘ ਆਦਿ ਕਾਫੀ ਪ੍ਰਸਿਧ ਵਿਦਵਾਨ ਸਿੰਘ ਸਭਾ ਲਹਿਰ ਨਾਲ ਜੁੜੇ ਅਤੇ ਸਿੱਖ ਵਿਦਿਆ ਦੇ ਹਿਤੈਸ਼ੀ ਵਿਦਵਾਨ ਸਨ।[16]

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਸਿੰਘ ਸਭਾ ਲਹਿਰ ਸਿੱਖਾਂ ਵਿਚ ਜਥੇਬੰਧਕ ਤੌਰ 'ਤੇ ਉਠੀ ਇਕ ਧਾਰਮਿਕ ਅਤੇ ਵਿਦਿਅਕ ਲਹਿਰ ਸੀ। ਇਸ ਨੇ ਰਾਜਨੀਤਿਕ ਤੌਰ 'ਤੇ ਭਾਵੇਂ ਸਰਕਾਰ ਨਾਲ ਮਿਲਵਰਤਨ ਰੱਖਿਆ ਪਰੰਤੂ ਫਿਰ ਵੀ ਆਪਣੀ ਅਗਲੇਰੀ ਅਕਾਲੀ ਲਹਿਰ ਲਈ ਬੀਜ ਦਾ ਕੰਮ ਕਰ ਗਈ। ਇਸਦੇ ਅਦਾਰਿਆਂ ਨੇ ਸਿੱਖਾਂ ਨੂੰ ਧਾਰਮਿਕ, ਵਿਦਿਅਕ ਅਤੇ ਰਾਜਨੀਤਿਕ ਤੌਰ 'ਤੇ ਜਾਗਰੂਕ ਕੀਤਾ। ਮਿਸਲ ਕਾਲ ਵਿਚ ਆਈ ਗਿਰਾਵਟ ਨੂੰ ਦੂਰ ਕਰਨ ਦੀ ਕਾਫੀ ਕੋਸ਼ਿਸ਼ ਇਸ ਲਹਿਰ ਨਾਲ ਜੁੜੇ ਵਿਦਵਾਨਾਂ ਅਤੇ ਆਮ ਸਿੱਖਾਂ ਨੇ ਕੀਤੀ। ਸਿੰਘ ਸਭਾ ਲਹਿਰ ਨੇ ਸਮਾਜਿਕ ਖੇਤਰ ਵਿਚ ਵੀ ਬਹੁਤ ਸਾਰੇ ਸੁਧਾਰ ਕੀਤੇ। ਸਿੱਖ ਗੁਰੂ ਸਹਿਬਾਨਾਂ ਦੀਆਂ ਸਿੱਖਿਆਵਾਂ ਤੇ ਉੱਤਮ ਕਾਰਜਾਂ ਤੋਂ ਉਤਸ਼ਾਹਿਤ ਹੋ ਕੇ ਇਸ ਨੇ ਸਮਾਜਿਕ ਬੁਰਾਈਆਂ ਵਿਰੁੱਧ ਪ੍ਰਚਾਰ ਕੀਤਾ ਅਤੇ ਸਮਾਜ ਸੇਵਾ ਦੇ ਅਨੇਕਾਂ ਕਾਰਜ ਕੀਤੇ। ਸਿੰਘ ਸਭਾ ਲਹਿਰ ਨੇ ਸਿੱਖਾਂ ਵਿੱਚ ਵਿੱਦਿਆ ਅਤੇ ਗਿਆਨ ਦਾ ਪ੍ਰਸਾਰ ਕਰਨ ਅਤੇ ਪੰਜਾਬੀ ਭਾਸ਼ਾ ਨੂੰ ਲੋਕਾਂ ਦੀ ਹਰਮਨ -ਪਿਆਰੀ ਭਾਸ਼ਾ ਬਣਾਉਣ ਵਿੱਚ ਅਨਮੋਲ ਹਿੱਸਾ ਪਾਇਆ। ਇਸ ਸਮੇਂ ਲਿਖੀਆਂ ਗਈਆਂ ਧਾਰਮਿਕ ਅਤੇ ਇਤਿਹਾਸਿਕ ਪੁਸਤਕਾਂ ਅੱਜ ਸ੍ਰੋਤਾਂ ਵਜੋਂ ਵਰਤੀਆਂ ਜਾਂਦੀਆਂ ਹਨ ਅਤੇ ਸਿੱਖ ਅਧਿਐਨ ਅਤੇ ਅਧਿਆਪਨ ਦਾ ਭਾਗ ਹਨ।

## References


1. ਹਰਬੰਸ ਸਿੰਘ,'ਦਾ ਹੇਰੀਟੇਜ ਆਫ ਦਾ ਸਿੱਖਸ', ਮਨੋਹਰ ਪਬਲਿਸ਼ਰ, 1994, ਪੰਨਾ 138.
2. ਸੀ. ਐਚ. ਲੋਇਲਿਨ, ਪੰਜਾਬ ਵਿਚ ਈਸਾਈ-ਮਤ ਦਾ ਇਤਿਹਾਸ',ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ: ਪੰਜਾਬ, (ਸੰਪਾ.) ਡਾ. ਗੰਡਾ ਸਿੰਘ, ਪੰਜਾਬ ਸਾਹਿਤ ਅਕਾਡਮੀ, ਲੁਧਿਆਣਾ,1962,ਪੰ. 74.
3. [1] ਕਰਤਾਰ ਸਿੰਘ 'ਸੂਹੱਦੀ', ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ ਅਤੇ ਕਲਿਯੁਗ ਵਿਚ ਸਤਿਯੁਗ ਵਰਤਾਉਣ ਵਾਲੇ ਅਰਸ਼ੀ ਗੁਰਮਤਿ ਸਿਧਾਂਤ, ਖੁਦ, 1974, ਪੰਨਾ 93.
4. ਹਰਬੰਸ ਸਿੰਘ, ਸਿੰਘ ਸਭਾ ਲਹਿਰ',ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ: ਪੰਜਾਬ, (ਸੰਪਾ.) ਡਾ. ਗੰਡਾ ਸਿੰਘ, ਪੰਜਾਬ ਸਾਹਿਤ ਅਕਾਡਮੀ, ਲੁਧਿਆਣਾ,1962,ਪੰ. 131.
5. ਹਰਬੰਸ ਸਿੰਘ, ਸਿੰਘ ਸਭਾ ਲਹਿਰ', ਉਹੀ, ਪੰਨੇ 131-32.
6. ਹਰਬੰਸ ਸਿੰਘ, ਸਿੰਘ ਸਭਾ ਲਹਿਰ, ਉਹੀ, ਪੰ. 133.
7. ਗਜੀਤ ਸਿੰਘ (ਡਾਕਟਰ),ਸਿੰਘ ਸਭਾ ਲਹਿਰ, ਲਾਹੌਰ ਬੁਕ ਸ਼ਾਪ, ਲੁਧਿਆਣਾ ਪੰ. 17.
8. ਆਪ ਦਾ ਜਨਮ ਤਰਨ ਤਾਰਨ ਵਿਚ ਹੋਇਆ। ਆਪ ਦੇ ਪਿਤਾ ਭਾਈ ਨਥਾ ਸਿੰਘ ਜੀ ਭੀ ਸ੍ਰੀ ਦਰਬਾਰ ਸਾਹਿਬ ਵਿਖੇ ਹੀ ਗ੍ਰੰਥੀ ਦੀ ਹੀ ਸੇਵਾ ਕਰਦੇ ਸਨ । ਆਪ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਮਤਿ ਗ੍ਰੰਥ ਅਤੇ ਗੁਟਕੇ ਲਿਖਣ ਵਿਚ ਵਡੇ ਯੋਗਯ ਸਨ। ਛੋਲਿਆਂ ਦੇ ਦਾਣੇ ਉਤੇ ਆਪ ਅਜਿਹੀ ਸੋਹਣੀ ਪੈਂਤੀ ਲਿਖਦੇ ਸਨ ਜੋ ਵਡੇ ਵਡੇ ਮਹਾਰਾਜੇ ਸ਼ੌਕ ਨਾਲ ਵੇਖਦੇ ਤੇ ਪ੍ਰਸਨ ਹੁੰਦੇ ਸਨ। ਆਪ ਪੰਜਾਹ ਕੁ ਸਾਲ ਦੀ ਉਮਰ ਵਿਚ ਲਾਹੌਰ ਅਕਾਲ ਚਲਾਣਾ ਕਰ ਗਏ।
9. ਪ੍ਰੋ. ਤੇਜਵੰਤ ਮਾਨ,ਪੰਚ ਖਾਲਸਾ ਦੀਵਾਨ ਭਸੌੜ, ਪੰਜਾਬੀ ਸਾਹਿਤ ਸਭਾ ਸੰਗਰੂਰ, 1982, ਪੰ.57.
10. ਸਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, ਅਸ਼ੋਕ ਪੁਸਤਕਮਾਲਾ, ਪਟਿਆਲਾ, 1974. ਪੰ. 217.
11. ਸ਼ਮਸ਼ੇਰ ਸਿੰਘ ਅਸ਼ੋਕ, ਪੂਰਵਾਂਕਤ, ਪੰ. 221.
12. ਜਗਜੀਤ ਸਿੰਘ, ਸਿੰਘ ਸਭਾ ਲਹਿਰ', ਪੰਜਾਬ, ਪੰ 129.
13. ਸ਼ਮਸ਼ੇਰ ਸਿੰਘ ਅਸ਼ੋਕ,ਉਹੀ, ਪੰ.237.
14. ਜਗਜੀਤ ਸਿੰਘ,ਉਹੀ, ਪੰਨੇ 129-30

15. ਸ਼ਮਸ਼ੇਰ ਸਿੰਘ ਅਸ਼ੋਕ, ਵਿਦਿਅਕ ਖੇਤਰ ਵਿਚ ਪੰਜਾਬੀ 1850 ਤੋਂ 1882 ਈ. ਦੇ ਦੌਰ ਵਿਚ', ਪੰਜਾਬੀ ਦੁਨੀਆ (ਸਿਖਿਆ ਅੰਕ), ਭਾਸ਼ਾ ਵਿਭਾਗ ਪੰਜਾਬ, ਅਪ੍ਰੈਲ-ਮਈ 1968, ਪੰ 14.
16. ਇਹ ਰਚਨਾ ਸ਼ਮਸ਼ੇਰ ਸਿੰਘ ਅਸ਼ੋਕ ਦੀ ਪੁਸਤਕ ਪ੍ਰਾਚੀਨ ਵਾਰਾਂ ਅਤੇ ਜੰਗਨਾਮੇ, ਵਿਚ ਛਪੀ ਹੈ।
17. ਸ਼ਮਸ਼ੇਰ ਸਿੰਘ ਅਸ਼ੋਕ, ਉਹੀ, ਪੰਨੇ 128-29.
18. ਉਹੀ.
19. ਨਾਹਰ ਸਿੰਘ ਪਨਾਇਚ,ਖਾਲਸਾ ਇਸਤ੍ਰੀ ਅਤੇ ਸਿੱਖ ਬੀਬੀਆਂ ਦੀ ਵਿਦਯਾ, ਜਗਤ ਸੇਵਕ ਕੰਪਨੀ, ਮੋਗਾ, ਮਿਤੀਹੀਣ, ਪੰ. 50.
20. ਇਸ ਸਮੇਂ ਭਾਈ ਤਖਤ ਸਿੰਘ ਦੀ ਇਹ ਲਾਇਬ੍ਰੇਰੀ ਪੰਜਾਬੀ ਯੂਨੀਵਰਸਿਟੀ ਨੂੰ ਸੌਂਪ ਦਿਤੀ ਹੈ। ਇਸ ਵਿਚਲੀਆਂ ਪੁਸਤਕਾਂ ਨੂੰ 'ਭਾਈ ਤਖਤ ਸਿੰਘ ਕੁਲੈਕਸ਼ਨ' ਵਿਚੋਂ ਵਾਚਿਆ ਜਾ ਸਕਦਾ ਹੈ।
21. ਸ਼ਮਸ਼ੇਰ ਸਿੰਘ ਅਸ਼ੋਕ, ਉਹੀ, ਪੰਨੇ 132-33.